## ਪੰਜਾਬ ਸਕੂਲ ਸਿੱਖਿਆ ਬੋਰਡ

No: 3101/ਰਜਿ/ਮਾਈ
Date: 14/09/2020

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2019-20 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਦੇ ਜਿਹੜੇ ਵਿਦਿਆਰਥੀਆਂ ਦੀ ਦਫਤਰੀ ਸ਼ਡਿਊਲ ਅਨੁਸਾਰ ਕਿਸੇ ਕਾਰਨ ਕਰਕੇ ਸਕੂਲਾਂ ਵੱਲੋਂ ਆਨ-ਲਾਈਨ ਰਜਿਸਟਰੇਸ਼ਨ/ ਕੰਟੀਨਿਊਏਸ਼ਨ ਨਹੀ ਹੋ ਸਕੀ ਸੀ, ਉਹਨਾਂ ਵਿਦਿਆਰਥੀਆਂ ਦੀ ਆਨ-ਲਾਈਨ ਐਂਟਰੀ ਕਰਨ ਲਈ ਸਕੂਲਾਂ ਨੂੰ ਆਪਣੇ ਪੱਧਰ ਤੇ ਐਂਟਰੀ ਕਰਨ ਲਈ 31-08-2020 ਤੱਕ ਦਾ ਸਮਾਂ ਦਿੱਤਾ ਗਿਆ ਸੀ ਅਤੇ ਚਲਾਨ ਰਾਹੀਂ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 7-9-2020 ਸੀ। ਪ੍ਰੰਤੂ ਕੁੱਝ ਤਕਨੀਕੀ ਕਾਰਨਾਂ ਕਰਕੇ ਕੁੱਝ ਸਕੂਲਾਂ ਦੇ ਚਲਾਨ ਬੈਂਕ ਵੱਲੋਂ ਵੈਰੀਫਾਈ ਨਹੀ ਹੋ ਸਕੇ ਅਤੇ ਕਈ ਸਕੂਲਾਂ ਦੀ ਫੀਸ ਨਹੀ ਜਮ੍ਹਾਂ ਹੋ ਸਕੀ ਹੈ। ਅਜਿਹੇ ਸਕੂਲ ਆਪਣੇ ਚਲਾਨ ਹੇਠ ਲਿਖੀ ਵਿਧੀ ਰਾਹੀਂ ਰੀ-ਜਨਰੇਟ ਕਰਵਾ ਸਕਦੇ ਹਨ :-

(1) ਰਜਿਸਟਰੇਸ਼ਨ ਸ਼ਾਖਾ ਦੀ ਈ-ਮੇਲ ਆਈ. ਡੀ. PSEBREGMIG@GMAIL.COM ਤੇ ਚਲਾਨ ਦੀ ਕਾਪੀ ਸਕੂਲ ਲੈਟਰ ਪੈਡ ਦੇ ਨਾਲ pdf ਫਾਈਲ ਬਣਾਕੇ ਭੇਜੀ ਜਾਵੇ।

(2) ਇਸ ਉਪਰੰਤ ਸ਼ਾਖਾ ਵੱਲੋਂ ਚਲਾਨ ਦੀ ਕਾਪੀ ਰੀ-ਜਨਰੇਟ ਕਰਕੇ ਸਕੂਲ ਨੂੰ ਈ-ਮੇਲ ਰਾਹੀਂ ਭੇਜੀ ਜਾਵੇਗੀ। ਸਕੂਲ ਵੱਲੋਂ ਉਸ ਚਲਾਨ ਦੀ ਕਾਪੀ ਦਾ ਪ੍ਰਿੰਟ ਲੈ ਕੇ ਉਸ ਉੱਪਰ ਦਰਜ ਫੀਸ ਮੁੱਖ ਦਫਤਰ/ਸਬੰਧਤ ਜਿਲ੍ਹਾ ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾਈ ਜਾ ਸਕਦੀ ਹੈ।

(3) ਫੀਸ ਜਮ੍ਹਾਂ ਕਰਵਾਉਣ ਉਪਰੰਤ ਫੀਸ ਦੀ ਰਸੀਦ ਦੀ ਕਾਪੀ ਚਲਾਨ ਸਮੇਤ ਦੁਬਾਰਾ ਰਜਿਸਟਰੇਸ਼ਨ ਸ਼ਾਖਾ ਨੂੰ ਈ-ਮੇਲ ਰਾਹੀਂ ਭੇਜੀ ਜਾਵੇ। ਸ਼ਾਖਾ ਵਿੱਚ ਰਸੀਦ ਦੀ ਕਾਪੀ ਪ੍ਰਾਪਤ ਹੋਣ ਉਪਰੰਤ ਚਲਾਨ ਵੈਰੀਫਾਈ ਕਰ ਦਿੱਤਾ ਜਾਵੇਗਾ।

14.9.2020

ਕੰਟਰੋਲਰ (ਪ੍ਰੀਖਿਆਵਾਂ)